## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/08-11 ਅ-3 (2) (ਕੋ:ਸੈਲ(2))
ਮਿਤੀ, ਐਸ.ਏ.ਐਸ.ਨਗਰ :- 21-10-15

ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਨੂੰ ਮਿਤੀ 01-03-1988 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿਣ ਕਾਰਨ ਇਸ ਦਫਤਰ ਦੇ ਹੁਕਮ ਨੰ: 10/08-2011 ਅ-3 (2) ਮਿਤੀ 02-02-2011/16-03-2011 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਦੋਸ਼ ਸੂਚੀ ਦਾ ਕੋਈ ਉਤਰ ਨਹੀਂ ਦਿੱਤਾ ਗਿਆ। ਉਸ ਵਿਰੁੱਧ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ:10/08-2011 ਅ-3 (2) ਮਿਤੀ 18-06-15 ਰਾਹੀਂ ਸ਼੍ਰੀ ਅਮਰਦੀਪ ਸਿੰਘ, ਜ਼ਿਲ੍ਹਾ ਸਿਖਿਆ ਅਫਸਰ (ਸੈਸਿ), ਗੁਰਦਾਸਪੁਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਉਸ ਨੂੰ ਈ-ਮੇਲ ਰਾਹੀਂ ਮਿਤੀ 05-08-15 ਨੂੰ ਪੜਤਾਲ ਵਿਚ ਹਾਜ਼ਰ ਹੋਣ ਲਈ ਸੰਦੇਸ਼ ਦਿੱਤਾ ਗਿਆ ਪਰ ਇਹ ਕਰਮਚਾਰਨ ਪੜਤਾਲ ਵਿੱਚ ਸ਼ਾਮਲ ਨਹੀਂ ਹੋਈ।

ਪੜਤਾਲੀਆ ਅਫਸਰ ਵਲੋਂ ਆਪਣੀ ਪੜਤਾਲ ਰਿਪੋਰਟ ਮਿਤੀ 24-09-15 ਰਾਹੀਂ ਕਰਮਚਾਰਨ ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ ਵਿਰੁੱਧ ਮਿਤੀ 01-09-1988 ਤੋਂ ਰਿਟਾਇਰਮੈਂਟ ਦੀ ਮਿਤੀ 31-10-2011 ਤੱਕ ਲਗਾਤਾਰ ਗੈਰ-ਹਾਜ਼ਰ ਰਹਿਣ ਦਾ ਦੋਸ਼ ਸਿੱਧ ਕੀਤਾ ਗਿਆ ਹੈ ਅਤੇ ਲਿਖਿਆ ਹੈ ਕਿ ਕਰਮਚਾਰਨ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨੀ ਬਣਦੀ ਹੈ।

ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੜਤਾਲ ਵਿਚ ਸ਼ਾਮਲ ਨਾ ਹੋਣ ਅਤੇ ਕੋਈ ਉਤਰ ਨਾ ਦੇਣ ਤੋਂ ਇਹ ਸਪਸ਼ਟ ਹੈ ਕਿ ਇਹ ਕਰਮਚਾਰਨ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਨਾ ਹੀ ਇਸ ਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਹੈ। ਇਹ ਕਰਮਚਾਰਨ ਮਿਤੀ 01-09-1988 ਤੋਂ ਲਗਾਤਾਰ ਅਣਅਧਿਕਾਤਰ ਤੌਰ ਤੇ ਆਪਣੀ ਡਿਊਟੀ ਤੋਂ ਗੈਰਹਾਜ਼ਰ ਰਹਿੰਦੇ ਹੋਏ ਮਿਤੀ 31-10-2011 ਨੂੰ In-absentia ਰਿਟਾਇਰ ਹੋ ਚੁੱਕੀ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਉਪਰੋਕਤ ਦਰਸਾਏ ਤੱਥਾਂ ਦੇ ਸਨਮੁੱਖ ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਜੋ ਮਿਤੀ 01-09-1988 ਤੋ ਆਪਣੀ ਰਿਟਾਇਰਮੈਂਟ ਦੀ ਮਿਤੀ 31-10-2011 ਤੱਕ ਅਣ ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਲਗਾਤਾਰ ਗੈਰ-ਹਾਜ਼ਰ ਚਲਦੀ ਰਹੀ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸਰਵਿਸਜ਼ ਵਾਲਿਯੂਮ 2 ਦੇ ਨਿਯਮ 3.17 ਏ ਅਧੀਨ ਫਾਰਫਿਟ (forfeit) ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 20260-63 ਮਿਤੀ, ਐਸ.ਏ.ਐਸ.ਨਗਰ : 17/11/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਗੁਰਦਾਸਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲੱਬਧ ਕਰਵਾਈ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ਼੍ਰੀਮਤੀ ਕਿਰਨ ਕਾਹਲੋਂ, ਸ.ਸ. ਮਿਸਟ੍ਰੈਸ, ਸ.ਸ.ਸ.ਸ ਵਡਾਲਾ ਬਾਂਗਰ, ਜ਼ਿਲ੍ਹਾ ਗੁਰਦਾਸਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ